Leicestershire Constabulary

LEICESTERSHIRE together

Leicestershire County Council

PUNJABI

# ਨਫ਼ਰਤ ਦੀ ਰਿਪੋਰਟ ਕਰੋ

## ਲੈਸਟਰਸ਼ਾਇਰ ਵਿਚ ਨਫ਼ਰਤ ਕਾਰਨ ਹੋਣ ਵਾਲੀਆਂ ਘਟਨਾਵਾਂ ਦੀ ਰਿਪੋਰਟ ਕਿਵੇਂ ਕਰੋ

ਜੇ ਇਹਦੇ ਬਾਰੇ ਸਾਨੂੰ ਪਤਾ ਨਹੀਂ ਲੱਗੇਗਾ ਤਾਂ ਅਸੀਂ ਇਹਨੂੰ ਬਦਲ ਨਹੀਂ ਸਕਾਂਗੇ

# ਹਾਲਾਤ ਨੂੰ ਸੁਧਾਰਨ ਵਿਚ ਲੈਸਟਰਸ਼ਾਇਰ ਵਿਚ ਸਭ ਮਿਲ ਕੇ ਕੰਮ ਕਰਨ

ਲੈਸਟਰਸ਼ਾਇਰ ਕਾਊਂਟੀ ਕਾਊਂਸਿਲ ਹੋਰ ਲੋਕਾਂ ਦੇ ਸਹਿਯੋਗ ਨਾਲ ਇਸ ਕਾਊਂਟੀ ਨੂੰ ਅਜਿਹਾ ਰੂਪ ਦੇਣ ਲਈ ਵਚਨਬੱਧ ਹੈ ਜੋ ਸਭਨਾਂ ਲਈ ਹੋਵੇ, ਅਤੇ ਇਹਦਾ ਯਕੀਨ ਹੈ ਕਿ ਲੈਸ਼ਟਰਸ਼ਾਇਰ ਵਿਚ ਰਹਿਣ ਅਤੇ ਕੰਮ ਕਰਨ ਵਾਲੇ ਅਤੇ ਇੱਥੇ ਆਉਣ ਵਾਲੇ ਸਭ ਲੋਕਾਂ ਨੂੰ ਹੱਕ ਹੈ ਕਿ ਉਹਨਾਂ ਨਾਲ ਇੱਜ਼ਤ ਮਾਣ ਵਾਲਾ ਸਲੂਕ ਹੋਵੇ ਅਤੇ ਉਹ ਕਿਸੇ ਨਫ਼ਰਤ ਜਾਂ ਡਰ ਤੋਂ ਬਿਨਾਂ ਇੱਥੇ ਰਹਿਣ।

# ਨਫ਼ਰਤ ਵਾਲੀ ਘਟਨਾ ਕੀ ਹੁੰਦੀ ਹੈ?

ਨਫ਼ਰਤ ਵਾਲੀ ਘਟਨਾ ਉਹਨੂੰ ਆਖਦੇ ਹਨ ਜਿਸ ਵਿਚ ਤੁਹਾਨੂੰ ਜਾਂ ਕਿਸੇ ਹੋਰ ਨੂੰ ਇਸ ਕਰਕੇ ਬਦਸਲੂਕੀ ਦਾ ਨਿਸ਼ਾਨਾ ਜਾਂ ਸ਼ਿਕਾਰ ਬਣਾਇਆ ਜਾਂਦਾ ਹੈ ਕਿਉਂਕਿ ਤੁਹਾਨੂੰ ਜਾਂ ਉਹਨੂੰ ਵੱਖਰੀ ਕਿਸਮ ਦੇ ਸਮਝਿਆ ਜਾਂਦਾ ਹੈ, ਜਾਂ ਅਜਿਹੀ ਮਾੜੀ ਘਟਨਾ ਜਿਹਦਾ ਕਾਰਣ ਉਮਰ, ਨਿਰਯੋਗਤਾ, ਲਿੰਗ, ਪਛਾਣ, ਨਸਲ, ਧਰਮ/ ਵਿਸ਼ਵਾਸ ਜਾਂ ਜਿਨਸੀ ਝੁਕਾਓ ਹੋਵੇ।

## ਇਹਦਾ ਮਤਲਬ ਹੈ ਕਿ

- ਨਫ਼ਰਤ ਵਾਲੀ ਘਟਨਾ ਦਾ ਨਿਸ਼ਾਨਾ ਜਾਂ ਸ਼ਿਕਾਰ ਬਣਨ ਲਈ ਜ਼ਰੂਰੀ ਨਹੀਂ ਕਿ ਤੁਸੀਂ ਕਿਸੇ ਘੱਟ ਗਿਣਤੀ ਦੇ ਗਰੁਪ ਵਿਚੋਂ ਹੋਵੋ।
- ਜੇ ਕਿਸੇ ਘਟਨਾ ਨੂੰ ਕੋਈ ਵਿਅਕਤੀ ਨਫ਼ਰਤ ਵਾਲੀ ਘਟਨਾ ਕਹਿੰਦਾ ਜਾਂ ਕਹਿੰਦੀ ਹੈ, ਤਾਂ ਉਸ ਘਟਨਾ ਦੀ ਰਿਪੋਰਟ ਕਰਨੀ ਚਾਹੀਦੀ ਹੈ।
- ਚਾਹੇ ਇਹ ਘਟਨਾ ਕਿੰਨੀ ਵੀ ਛੋਟੀ ਕਿਉਂ ਨਾ ਜਾਪੇ, ਜੇ ਤੁਸੀਂ ਇਹਨੂੰ ਨਫ਼ਰਤ ਵਾਲੀ ਘਟਨਾ ਮੰਨਦੇ ਹੋ, ਤਾਂ ਕਿਰਪਾ ਕਰਕੇ ਇਹ ਦੀ ਰਿਪੋਰਟ ਕਰੋ।
- ਕਿਸੇ ਘਟਨਾ ਦੀ ਰਿਪੋਰਟ ਕਰਨ ਲਈ ਸਬੂਤ ਦੀ ਲੋੜ ਨਹੀਂ, ਇਹਨੂੰ ਅਜਿਹੀ ਘਟਨਾ 'ਸਮਝਣਾ' ਹੀ ਕਾਫ਼ੀ ਹੈ।

ਅਜਿਹੀ ਕੋਈ ਘਟਨਾ ਕਈ ਰੂਪਾਂ ਵਿਚ ਵਾਪਰ ਸਕਦੀ ਹੈ - ਇਹ ਸਰੀਰਕ, ਜ਼ਬਾਨੀ ਜਾਂ ਲਿਖਤੀ ਹੋ ਸਕਦੀ ਹੈ।

# ਨਫ਼ਰਤ ਵਾਲੀਆਂ ਘਟਨਾਵਾਂ ਦੀ ਰਿਪੋਰਟ ਕਰਨਾ ਜ਼ਰੂਰੀ ਕਿਉਂ ਹੈ?

## ਜੇ ਇਹਦੇ ਬਾਰੇ ਸਾਨੂੰ ਪਤਾ ਨਹੀਂ ਲੱਗੇਗਾ ਤਾਂ ਅਸੀਂ ਇਹਨੂੰ ਬਦਲ ਨਹੀਂ ਸਕਾਂਗੇ!

ਰਿਪੋਰਟ ਕਰਨ ਨਾਲ ਬਹੁਤ ਫ਼ਰਕ ਪੈਂਦਾ ਹੈ . . . ਤੁਹਾਨੂੰ, ਤੁਹਾਡੇ ਪਰਿਵਾਰ ਨੂੰ, ਤੁਹਾਡੀ ਜ਼ਿੰਦਗੀ ਨੂੰ. . . ਤੁਸੀਂ ਸਾਡੀ ਮਦਦ ਕਰੋ ਤਾਕਿ ਅਸੀਂ ਤੁਹਾਡੀ ਮਦਦ ਕਰ ਸਕੀਏ।

xualorientationdisabilityage

## ਘਟਨਾ ਦੀ ਰਿਪੋਰਟ ਕੌਣ ਕਰ ਸਕਦਾ ਹੈ?

ਤੁਸੀਂ ਘਟਨਾ ਦੀ ਰਿਪੋਰਟ ਕਰ ਸਕਦੇ ਹੋ, ਭਾਵੇਂ ਤੁਸੀਂ ਇਸ ਘਟਨਾ ਦਾ ਨਿਸ਼ਾਨਾ ਜਾਂ ਸ਼ਿਕਾਰ ਬਣੇ ਹੋ, ਜਾਂ ਗਵਾਹ ਹੋ, ਜਾਂ ਤੀਸਰੀ ਧਿਰ ਹੋ ਜਿਹਨੂੰ ਇਸ ਘਟਨਾ ਬਾਰੇ ਪਤਾ ਲੱਗਿਆ ਹੈ।

- ਅਜਿਹੀਆਂ ਘਟਨਾਵਾਂ ਜਿਹਨਾਂ ਵਿਚ ਕਾਉਂਸਿਲ ਦਾ ਸਟਾਫ਼, ਸੇਵਾਵਾਂ ਦੀ ਵਰਤੋਂ ਕਰਨ ਵਾਲੇ, ਜਾਂ ਬਾਹਰੋਂ ਆਏ ਲੋਕ ਸ਼ਾਮਿਲ ਸਨ ਜੋ ਕਾਉਂਸਿਲ ਦੇ ਕੰਮਾਂ ਵਿਚ ਹਿੱਸਾ ਨਹੀਂ ਲੈਂਦੇ।
- ਤੁਹਾਡੇ ਲਈ ਇਹ ਦੱਸਣਾ ਜ਼ਰੂਰੀ ਨਹੀਂ ਕਿ ਤੁਸੀਂ ਕੌਣ ਹੋ।
- ਜ਼ਿਆਦਾਤਰ ਹਾਲਤਾਂ ਵਿਚ ਕਾਰਵਾਈ ਤਦ ਹੀ ਕੀਤੀ ਜਾਏਗੀ ਜੇ ਘਟਨਾ ਦਾ ਨਿਸ਼ਾਨਾ ਬਣ ਵਾਲਾ/ਵਾਲੀ ਜਾਂ ਰਿਪੋਰਟ ਕਰਨ ਵਾਲਾ/ਵਾਲੀ ਅਜਿਹਾ ਚਾਹੇ।
- ਜੇ ਤੁਸੀਂ ਕੋਈ ਅਗਲੇਰੀ ਕਾਰਵਾਈ ਨਹੀਂ ਵੀ ਕਰਵਾਉਣਾ ਚਾਹੁੰਦੇ, ਤਦ ਵੀ ਘਟਨਾ ਦੀ ਰਿਪੋਰਟ ਕਰਨਾ ਤੁਹਾਡੇ ਲਈ ਜ਼ਰੂਰੀ ਹੈ।

## ਘਟਨਾਵਾਂ ਦੀ ਰਿਪੋਰਟ ਕਰਨ ਦੇ ਢੰਗ:

- ਇਸ ਇੰਟਰਨੈੱਟ ਸਾਈਟ 'ਤੇ ਔਨਲਾਈਨ ਫ਼ਾਰਮ ਭਰੋ, ਜਾਂ ਇੱਥੋਂ ਫ਼ਾਰਮ ਦੀ ਕਾਪੀ ਲਾਹ ਲਓ - www.leics.gov.uk/reporthate
- ਹੇਟ ਇੰਸੀਡੈਂਟ ਮੌਨੀਟਰਿੰਗ ਪ੍ਰਾਜੈਕਟ ਨੂੰ ਇਸ ਨੰਬਰ 'ਤੇ ਫ਼ੋਨ ਕਰੋ - 0116 265 8263.
- ਜੇ ਤੁਸੀਂ ਲੈਸਟਰਸ਼ਾਇਰ ਕਾਊਂਟੀ ਕਾਉਂਸਿਲ ਦੀ ਨੌਕਰੀ ਕਰਦੇ ਹੋ, ਤਾਂ ਰਾਜ਼ਦਾਰੀ ਨਾਲ ਆਪਣੇ ਲਾਈਨ ਮੈਨੇਜਰ ਨੂੰ ਦੱਸੋ, ਅਤੇ ਇਹ ਗੱਲ ਅੱਗੋਂ ਹੇਟ ਇੰਸੀਡੈਂਟ ਮੌਨੀਟਰਿੰਗ ਪ੍ਰਾਜੈਕਟ ਨੂੰ ਪਹੁੰਚਾਈ ਜਾਏਗੀ।
- ਆਪਣੇ ਨੇੜੇ ਦੇ ਕਿਸੇ ਸੈਂਟਰ ਨਾਲ ਗੱਲ ਕਰੋ - ਇਹਨਾਂ ਦੀ ਲਿਸਟ ਉੱਪਰ ਦੱਸੇ ਵੈੱਬਸਾਈਟ ਦੇ ਪਤੇ ਤੋਂ ਮਿਲ ਸਕਦੀ ਹੈ।
- ਜੇ ਤੁਸੀਂ ਇਸ ਘਟਨਾ ਨੂੰ ਜੁਰਮ ਸਮਝਦੇ ਹੋ, ਤਾਂ ਇਹਦੇ ਬਾਰੇ ਪੁਲਿਸ ਨੂੰ ਇਸ ਨੰਬਰ 'ਤੇ ਫ਼ੋਨ ਕਰੋ - 0116 222 2222.

If you require this information in an alternative version such as large print, Braille, tape or help in understanding it in your language, please call 0116 265 8263, Fax: 0116 265 7271 or Minicom: 0116 265 6048.

જો આપ આ માહિતી આપની ભાષામાં સમજવામાં થોડી મદદ ઈચ્છતાં હો તો 0116 265 8263 નંબર પર ફોન કરશો અને અમે આપને મદદ કરવા વ્યવસ્થા કરીશું.

ਜੇਕਰ ਤੁਹਾਨੂੰ ਇਸ ਜਾਣਕਾਰੀ ਨੂੰ ਸਮਝਣ ਵਿਚ ਕੁਝ ਮਦਦ ਚਾਹੀਦੀ ਹੈ ਤਾਂ ਕਿਰਪਾ ਕਰਕੇ 0116 265 8263 ਨੰਬਰ ਤੇ ਫ਼ੋਨ ਕਰੋ ਅਤੇ ਅਸੀਂ ਤੁਹਾਡੀ ਮਦਦ ਲਈ ਕਿਸੇ ਦਾ ਪ੍ਰਬੰਧ ਕਰ ਦਵਾਂਗੇ।

এই তথ্য নিজের ভাষায় বুঝার জন্য আপনার যদি কোন সাহায্যের প্রয়োজন হয়, তবে 0116 265 8263 এই নম্বরে ফোন করলে আমরা উপযুক্ত ব্যক্তির ব্যবস্থা করবো।

假如閣下需要幫助，用你的語言去明白這些資訊，請致電 0116 265 8263，我們會安排有關人員為你提供幫助。

Jeżeli potrzebujesz pomocy w zrozumieniu tej informacji w Twoim języku, zadzwoń pod numer 0116 265 8263, a my Ci dopomożemy.

Project Co-ordinator (Hate Incident Monitoring),
Leicestershire County Council,
County Hall,
Glenfield,
Leicester LE3 8RA,
Telephone: 0116 265 8263.

Designed by the Central Design Section, Leicestershire County Council